HED-EDU10M.L/16/2021-3edu-Part(1)/1824
Dated:Chandigarh : 17.08.2021
Government of Punjab
Department of Higher Education
(Education 1 Branch)

## NOTIFICATION

## RESERVATION & COMMON WEIGHTAGE POLICY-2021

The Governor of Punjab is pleased to issue the Reservation Policy & Common Weightage Policy for Admission in Govt. Colleges and Govt. Aided Colleges (including Self-Financing Courses in that Colleges) of the State of Punjab under Higher Education Department in the Reservation Policy & Common Weightage Policy shall be as under :-

This Notification shall come into force with immediate effect.

**A. Reservation Policy for Admission in Govt. Colleges and Govt. Aided Colleges (including Self-Financing Courses in that Colleges) of the State of Punjab is as under :-**

| Category | Percentage | | |
|---|---|---|---|
| General | 52 | General | 52 |
| SC | 20 | SC | 20 |
| BC | 08 | BC | 08 |
| Ex-Serviceman/ Ex-Serviceman (Dependent) | 13 | Ex-Servicemen/Ex-Serviceman (Dependent) General | 07 |
| | | Ex-Serviceman / Ex-Serviceman (Dependent) SC | 04 |
| | | Ex-Serviceman/Ex-Serviceman (Dependent) BC | 02 |
| Freedom Fighters | 01 | Freedom Fighters General | 01 |
| PWD | 03 | PWD | 03 |
| Sports | 03 | Sports General | 02 |
| | | Sports SC | 01 |
| Total | 100 | | 100 |

* Any change in Reservation policy by Government of Punjab shall be applicable at the time of admission.

** In Admission against sports quota seats, sports gradation policy of Government of Punjab shall be followed. The Candidate is required to submit the copy of Application Form along with Gradation Certificate from competent authority of Punjab.



Scanned with ACE Scanner

| ਕਲਾਸ ਬੀ. ਐੱਡ. | ਕੁੱਲ ਸੀਟਾਂ | 100 |
|---|---|---|

ਪੰਜਾਬ ਸਰਕਾਰ ਦੇ ਨੋਟੀਫ਼ਿਕੇਸ਼ਨ ਦੀ ਲੋਅ ਵਿੱਚ ਸੈਸ਼ਨ 2022-23 ਲਈ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੁਆਰਾ ਬੀ.ਐੱਡ ਕਲਾਸ ਦਾ ਦਾਖਲਾ ਕੀਤਾ ਜਾਵੇਗਾ।

| ਕਲਾਸ ਐਮ. ਐੱਡ. | ਕੁੱਲ ਸੀਟਾਂ | 50 |
|---|---|---|

ਐਮ.ਐੱਡ. ਕਲਾਸ ਦਾ ਦਾਖਲਾ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵੱਲੋਂ ਨਿਰਧਾਰਿਤ ਨਿਯਮਾਂ ਅਨੁਸਾਰ ਸਿਫਾਰਿਸ਼ ਕੀਤੇ ਜਾਣ 'ਤੇ ਹੋਵੇਗਾ।

ਸਰਟੀਫਿਕੇਟ ਕੋਰਸ : ਕਾਲਜ ਵਿੱਚ ਦੋ ਪ੍ਰਕਾਰ ਦੇ ਸਰਟੀਫਿਕੇਟ ਕੋਰਸ ਵੀ ਸ਼ੁਰੂ ਕੀਤੇ ਗਏ ਹਨ ਜੋ ਕਿ ਜਗਤ ਗੁਰੂ ਨਾਨਕ ਦੇਵ ਪੰਜਾਬ ਸਟੇਟ ਓਪਨ ਯੂਨੀਵਰਸਿਟੀ ਦੇ ਅਧੀਨ ਹਨ - 1. Certificate is creative writing and content development
2. Certificate Programme in office Automation and E-governance

## ਰਿਜ਼ਰਵ ਸ਼੍ਰੇਣੀ ਦੇ ਉਮੀਦਵਾਰਾਂ ਲਈ ਜ਼ਰੂਰੀ ਹਦਾਇਤਾਂ

1. ਹਰ ਰਿਜਰਵ ਸ਼੍ਰੇਣੀ ਵਿੱਚ ਆਉਣ ਵਾਲੇ ਵਿਦਿਆਰਥੀ ਲਈ ਦਾਖਲਾ ਫ਼ਾਰਮ ਤੇ ਕੈਟਾਗਿਰੀ ਲਿਖਣੀ ਜਰੂਰੀ ਹੈ। ਜੇਕਰ ਵਿਦਿਆਰਥੀ ਫ਼ਾਰਮ ਵਿੱਚ ਕੈਟਾਗਿਰੀ ਨਹੀਂ ਲਿਖਦਾ ਤਾਂ ਉਸ ਨੂੰ ਜਨਰਲ ਕੈਟਾਗਿਰੀ ਵਿੱਚ ਹੀ ਸਮਝਿਆ ਜਾਵੇਗਾ ਅਤੇ ਰਿਜਰਵ ਕੈਟਾਗਿਰੀ ਦਾ ਕੋਈ ਹੱਕ ਨਹੀਂ ਮਿਲੇਗਾ । ਜੇ ਕੋਈ ਵਿਦਿਆਰਥੀ ਇੱਕ ਤੋਂ ਵੱਧ ਕੈਟਾਗਿਰੀਆਂ ਭਰਦਾ ਹੈ ਤਾਂ ਉਸ ਦੁਆਰਾ ਭਰੀ ਪਹਿਲੀ ਕੈਟਾਗਿਰੀ ਨੂੰ ਹੀ ਮੰਨਿਆ ਜਾਵੇਗਾ ।
2. ਸਰਕਾਰ ਦੇ ਪੱਤਰ ਨੰ. 1/41/96-ਰਸ.1/992-1005 ਮਿਤੀ 18-08-2004 ਅਨੁਸਾਰ ਅਨੁਸੂਚਿਤ ਜਾਤੀ ਅਤੇ ਪੱਛੜੀ ਸ਼੍ਰੇਣੀ ਸਰਟੀਫ਼ਿਕੇਟ ਜਾਰੀ ਕਰਨ ਲਈ ਨਿਰਧਾਰਿਤ ਪ੍ਰੋਫਾਰਮਿਆਂ ਵਿੱਚ ਸਮਰੱਥ ਅਧਿਕਾਰੀ ਵੱਲੋਂ ਜਾਰੀ ਸਰਟੀਫ਼ਿਕੇਟਾਂ ਨੂੰ ਹੀ ਜਾਇਜ਼ ਮੰਨਿਆ ਜਾਵੇਗਾ ।
3. ਰਿਜਰਵ ਕੈਟਾਗਿਰੀ ਨਾਲ ਸੰਬੰਧਤ ਵਿਦਿਆਰਥੀਆਂ ਕੋਲ ਸਮਰੱਥ ਅਧਿਕਾਰੀ ਦੁਆਰਾ ਤਸਦੀਕ ਕੀਤਾ ਹੋਇਆ ਸਰਟੀਫ਼ਿਕੇਟ ਹੋਣਾ ਜਰੂਰੀ ਹੈ । ਇਨ੍ਹਾਂ ਸਰਟੀਫ਼ਿਕੇਟਾਂ ਦੀਆਂ ਤਸਦੀਕ ਕੀਤੀਆਂ ਕਾਪੀਆਂ ਦਾਖਲਾ ਫ਼ਾਰਮ ਨਾਲ ਲਾਉਣੀਆਂ ਜ਼ਰੂਰੀ ਹਨ । ਅਸਲ ਸਰਟੀਫ਼ਿਕੇਟ ਇੰਟਰਵਿਊ ਕਮੇਟੀ ਵੱਲੋਂ ਵੇਖੇ ਜਾਣਗੇ । ਅਸਲ ਸਰਟੀਫ਼ਿਕੇਟ ਦੀ ਅਣਹੋਂਦ ਤੇ ਦਾਖ਼ਲਾ ਅਗਲੇ ਹੱਕਦਾਰ ਨੂੰ ਦੇ ਦਿੱਤਾ ਜਾਵੇਗਾ ।
4. ਹਰ ਰਿਜਰਵ ਕੈਟਾਗਿਰੀ ਵਿੱਚ ਵਿਦਿਆਰਥੀਆਂ ਦਾ ਦਾਖਲਾ ਕੈਟਾਗਿਰੀ ਦੀ ਆਪਣੀ ਬਣਦੀ ਮੈਰਿਟ ਅਨੁਸਾਰ ਹੋਵੇਗਾ ।
5. ਸਰਕਾਰੀ ਹਦਾਇਤਾਂ ਨੰ: 3/8/95-ਰਸ.3/4853-54 ਮਿਤੀ 10/12-07-95 ਅਤੇ ਪੱਤਰ ਨੰ. 2/27/2004-ਰਸ.1/1763-71 ਮਿਤੀ 30-12-2004 ਅਨੁਸਾਰ ਆਪਣੀ ਸੀਨੀਅਰਤਾ-ਕਮ-ਮੈਰਿਟ ਤੇ ਆਏ ਐਸ.ਸੀ. ਅਤੇ ਬੀ.ਸੀ. ਸ਼੍ਰੇਣੀ ਦੇ ਉਮੀਦਵਾਰਾਂ ਨੂੰ ਰਾਖਵੇਂ ਕਰਨ ਦਾ ਹਿਸਾਬ ਲਗਾਉਂਦੇ ਸਮੇਂ ਰਿਜਰਵੇਸ਼ਨ ਵਿੱਚ ਨਹੀਂ ਗਿਣਿਆ ਜਾਵੇਗਾ ।
6. ਸਰਕਾਰ ਦੇ ਪੱਤਰ ਨੰ. 10/9/2009-ਰਸ/62 ਮਿਤੀ : 08-01-2010 ਅਨੁਸਾਰ ਪੱਛੜੀ ਸ਼੍ਰੇਣੀ ਦੇ ਵਿਅਕਤੀ ਨੂੰ ਜਾਰੀ ਹੋਇਆ ਜਾਤੀ ਸਰਟੀਫ਼ਿਕੇਟ ਉਸ ਸਮੇਂ ਤੱਕ ਯੋਗ ਮੰਨਿਆ ਜਾਵੇਗਾ ਜਦੋਂ ਤੱਕ ਪ੍ਰਾਰਥੀ ਕ੍ਰੀਮੀ ਲੇਅਰ ਦੇ ਦਾਇਰੇ ਵਿੱਚ ਨਹੀਂ ਆਉਂਦਾ । ਇਸ ਸਬੰਧੀ ਪ੍ਰਾਰਥੀ ਤੋਂ ਘੋਸ਼ਣਾ ਪੱਤਰ ਪ੍ਰਾਪਤ ਕੀਤਾ ਜਾਵੇਗਾ ਜਿਸ ਵਿੱਚ ਲਿਖਿਆ ਹੋਵੇਗਾ ਕਿ ਉਸਦੇ ਸਟੇਟਸ ਵਿੱਚ ਕੋਈ ਤਬਦੀਲੀ ਨਹੀਂ ਆਈ ਅਤੇ ਉਹ ਕ੍ਰੀਮੀ ਲੇਅਰ ਦੇ ਦਾਇਰ ਵਿੱਚ ਨਹੀਂ ਆਉਂਦਾ ।
7. ਰਿਜਰਵ ਕੈਟਾਗਿਰੀ ਵਾਲੇ ਵਿਦਿਆਰਥੀ ਜਨਰਲ ਕੈਟਾਗਿਰੀ ਦੀ ਇੰਟਰਵਿਊਂ ਦੀ ਤਰੀਕ ਨੂੰ ਹਾਜਰ ਹੋਣਗੇ। ਜਿੰਨ੍ਹਾਂ ਵਿਦਿਆਰਥੀਆਂ ਦਾ ਜਨਰਲ ਕੈਟਾਗਿਰੀ ਦੀ ਮੈਰਿਟ ਵਿੱਚ ਦਾਖਲਾ ਨਹੀਂ ਹੁੰਦਾ, ਉਹ ਰਿਜਰਵ ਕੈਟਾਗਿਰੀ ਦੀ ਇੰਟਰਵਿਊ ਵਿੱਚ ਦੋਬਾਰਾ ਇੰਟਰਵਿਊ ਲਈ ਹਾਜਰ ਹੋਣਗੇ ।
8. ਜੇਕਰ ਨਿਰਧਾਰਤ ਦਾਖ਼ਲੇ ਦੀ ਤਰੀਕ ਤੱਕ ਰਿਜਰਵ ਕੈਟਾਗਿਰੀ ਦੇ ਯੋਗ ਅਤੇ ਹੱਕਦਾਰ ਉਮੀਦਵਾਰ ਨਹੀਂ ਆਉਂਦੇ, ਤਾਂ ਸੀਟ ਡੀ-ਰਿਜਰਵ ਕਰ ਦਿੱਤੀ ਜਾਵੇਗੀ ।
9. ਸਪੋਰਟਸ ਕੋਟੇ ਵਿੱਚ ਕੇਵਲ ਉਹਨਾਂ ਖਿਡਾਰੀ ਵਿਦਿਆਰਥੀਆਂ ਨੂੰ ਦਾਖਲਾ ਦਿੱਤਾ ਜਾਵੇਗਾ ਜਿੰਨ੍ਹਾਂ ਨੇ ਵੱਖ-ਵੱਖ ਖੇਡਾਂ ਵਿੱਚ ਘੱਟੋ-ਘੱਟ ਜ਼ਿਲ੍ਹੇ/ਕਾਲਜ ਦੀ ਪ੍ਰਤੀਨਿਧਤਾ ਕਰਦੇ ਹੋਏ ਰਾਜ/ਯੂਨੀਵਰਸਿਟੀ ਖੇਡ ਮੁਕਾਬਲਿਆਂ ਵਿੱਚ ਭਾਗ ਲਿਆ ਹੋਵੇ । ਉਨ੍ਹਾਂ ਦੀ ਮੈਰਿਟ ਪੰਜਾਬ ਸਪੋਰਟਸ ਵਿਭਾਗ ਵੱਲੋਂ ਕੀਤੀ ਗਰੇਡੇਸ਼ਨ ਦੇ ਅਧਾਰ 'ਤੇ ਬਣਾਈ ਜਾਵੇਗੀ ।
10. ਰਿਜਰਵ ਕੈਟਾਗਿਰੀ ਨਾਲ ਸਬੰਧਤ ਵਿਦਿਆਰਥੀ ਆਪਣੇ ਅਤੇ ਆਪਣੇ ਮਾਤਾ-ਪਿਤਾ ਦੇ ਆਧਾਰ ਕਾਰਡ ਦੀ ਕਾਪੀ ਫਾਰਮ ਨਾਲ ਨੱਥੀ ਕਰਨਗੇ ਅਤੇ ਅਸਲ ਕਾਰਡ ਇੰਟਰਵਿਊ ਸਮੇਂ ਨਾਲ ਲੈ ਕੇ ਆਉਣਗੇ।

## ਬੀ.ਐੱਡ. ਅਤੇ ਐਮ.ਐੱਡ. ਜਮਾਤਾਂ ਦੇ ਦਾਖਲੇ ਸਮੇਂ ਨੱਥੀ ਕੀਤੇ ਜਾਣ ਵਾਲੇ ਦਸਤਾਵੇਜ਼

1. ਜਨਮ ਮਿਤੀ ਦਰਸਾਉਂਦੇ ਮੈਟ੍ਰਿਕ ਦੇ ਪ੍ਰਮਾਣ-ਪੱਤਰ ਦੀ ਤਸਦੀਕਸ਼ੁਦਾ ਨਕਲ।
2. ਗਰੈਜੂਏਸ਼ਨ/ਪੋਸਟ ਗਰੈਜੂਏਸ਼ਨ ਦੀਆਂ ਤਸਦੀਕਸ਼ੁਦਾ ਕਾਪੀਆਂ।
3. ਆਪਣੀ ਪਿਛਲੀ ਸੰਸਥਾ ਜਿੱਥੇ ਤੁਸੀਂ ਪੜ੍ਹਦੇ ਰਹੇ ਹੋ, ਤੋਂ ਚੰਗੇ ਆਚਰਣ ਸਬੰਧੀ ਪ੍ਰਮਾਣ-ਪੱਤਰ। ਜਿੰਨ੍ਹਾਂ ਵਿਦਿਆਰਥੀਆਂ ਨੇ ਸਾਲ 2021-22 ਦੌਰਾਨ ਕਿਸੇ ਕਾਲਜ/ਯੂਨੀਵਰਸਿਟੀ ਵਿਭਾਗ ਤੋਂ ਰੈਗੂਲਰ ਵਿਦਿਆਰਥੀ ਦੇ ਤੌਰ ਤੇ ਕੋਈ ਪ੍ਰੀਖਿਆ ਪਾਸ ਨਹੀਂ ਕੀਤੀ ਉਹ ਆਪਣੇ ਪਿੰਡ ਦੇ ਸਰਪੰਚ ਜਾਂ ਸ਼ਹਿਰ ਦੇ ਆਪਣੇ ਹਲਕੇ ਦੇ ਮਿਊਂਸਪਲ ਕਮਿਸ਼ਨਰ ਤੋਂ ਰੈਗੂਲਰ ਪੜ੍ਹਾਈ ਵਿੱਚ ਗੈਪ ਦੇ ਸਮੇਂ ਦਾ ਚੰਗੇ ਚਰਿੱਤਰ ਹੋਣ ਦਾ ਪ੍ਰਮਾਣ ਪੱਤਰ ਲੈ ਕੇ ਦਾਖਲੇ ਲਈ ਬਿਨੈ ਪੱਤਰ ਦੇ ਨਾਲ ਲਗਾਉਣ।
4. ਰਾਖਵੀਂ ਸੀਟ ਤੇ ਦਾਅਵਾ ਜਤਾਉਂਦਾ ਉਚਿੱਤ ਸਰਟੀਫਿਕੇਟ।



Scanned with ACE Scanner

5. ਬੀ. ਸੀ. (ਬੈਕਵਾਰਡ ਕਲਾਸ) ਕੈਟਾਗਿਰੀ ਦੇ ਵਿਦਿਆਰਥੀ ਆਪਣੇ ਮਾਪਿਆਂ ਦੀ ਸਲਾਨਾ ਆਮਦਨ ਸਬੰਧੀ ਲੋੜੀਂਦਾ ਸਰਟੀਫਿਕੇਟ।
6. ਪੰਜਾਬ ਦੇ ਵਿਦਿਆਰਥੀ ਪੰਜਾਬ ਰਾਜ ਦੇ ਪੱਕੇ ਵਸਨੀਕ ਹੋਣ ਸਬੰਧੀ ਰਿਹਾਇਸ਼ ਸਰਟੀਫਿਕੇਟ ਆਪਣੇ ਇਲਾਕੇ ਦੇ ਐਸ.ਡੀ.ਐਮ ਤੋਂ ਲੈ ਕੇ ਆਉਣ।
7. ਉਪਰੋਕਤ ਤੋਂ ਇਲਾਵਾ ਹੋਰ ਲੋੜੀਂਦੇ ਸਰਟੀਫਿਕੇਟ/ਦਸਤਾਵੇਜ਼ ਅਸਲ ਰੂਪ ਵਿੱਚ ਅਤੇ ਉਨ੍ਹਾਂ ਦੀਆਂ ਤਸਦੀਕਸ਼ੁਦਾ ਕਾਪੀਆਂ ਲੈ ਕੇ ਆਉਣੀਆਂ ਜ਼ਰੂਰੀ ਹਨ।
8. ਆਪਣੇ ਅਤੇ ਆਪਣੇ ਮਾਤਾ-ਪਿਤਾ ਦੇ ਆਧਾਰ ਕਾਰਡ ਦੀ ਫੋਟੋ ਕਾਪੀ।
9. ਬੈਂਕ ਖਾਤਾ ਨੰ., IFSC Code
10. ਪੰਜਾਬ ਯੂਨੀਵਰਸਿਟੀ, ਪਟਿਆਲਾ ਤੋਂ ਇਲਾਵਾ ਹੋਰ ਯੂਨੀਵਰਸਿਟੀਆਂ ਦੇ ਵਿਦਿਆਰਥੀਆਂ ਨੂੰ ਦਾਖਲੇ ਸਮੇਂ ਪਾਤਰਤਾ (eligibility) ਸਰਟੀਫਿਕੇਟ ਦੇਣਾ ਜ਼ਰੂਰੀ ਹੈ। ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਪੱਤਰ ਨੰ. 6847-7066/ਕਾਲਜ/ਸ-4 ਮਿਤੀ 15-6-12 ਦੇ ਮੁਤਾਬਿਕ ਬਾਹਰਲੀਆਂ ਯੂਨੀਵਰਸਿਟੀਆਂ (ਪੰਜਾਬ ਦੀਆਂ ਯੂਨੀਵਰਸਿਟੀਆਂ ਅਤੇ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਨੂੰ ਛੱਡ ਕੇ ਤੋਂ ਜਿਹੜੇ ਵਿਦਿਆਰਥੀਆਂ ਨੇ ਕੋਈ ਵੀ ਕਲਾਸ ਪਾਸ ਕੀਤੀ ਹੈ, ਨੂੰ ਕਾਲਜ ਵੱਲੋਂ ਕਿਸੇ ਵੀ ਅਗਲੀ ਕਲਾਸ ਵਿੱਚ ਦਾਖਲ ਦੇਣ ਸਮੇਂ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੀ ਰਜਿਸਟਰੇਸ਼ਨ ਬ੍ਰਾਂਚ ਵੱਲੋਂ ਵਿਦਿਆਰਥੀ ਦੀ ਪਾਤਰਤਾ ਸਬੰਧੀ ਸਰਟੀਫਿਕੇਟ ਲੈਣਾ ਜ਼ਰੂਰੀ ਹੈ। ਜੇਕਰ ਕੋਈ ਵੀ ਕਾਲਜ ਪਾਤਰਤਾ ਸਰਟੀਫਿਕੇਟ ਲਏ ਬਿਨ੍ਹਾਂ ਵਿਦਿਆਰਥੀ ਨੂੰ ਆਪਣੇ ਪੱਧਰ ਤੇ ਦਾਖਲਾ ਦਿੰਦਾ ਹੈ ਤਾਂ ਅਜਿਹੇ ਵਿਦਿਆਰਥੀ ਦਾ ਦਾਖਲਾ ਰੱਦ ਸਮਝਿਆ ਜਾਵੇਗਾ।
11. ਦਾਖਲਾ ਹੋਣ ਉਪਰੰਤ ਇੱਕ ਮਹੀਨੇ ਦੇ ਅੰਦਰ-ਅੰਦਰ ਸਬੰਧਤ ਯੂਨੀਵਰਸਿਟੀ ਤੋਂ ਮਾਈਗ੍ਰੇਸ਼ਨ ਸਰਟੀਫਿਕੇਟ ਵੀ ਕਾਲਜ ਦਫਤਰ ਵਿੱਚ ਜਮ੍ਹਾਂ ਕਰਾਉਣਾ ਜ਼ਰੂਰੀ ਹੈ।

## ਘਰੇਲੂ ਪ੍ਰੀਖਿਆਵਾਂ

ਪੰਜਾਬੀ ਯੂਨੀਵਰਸਿਟੀ ਪਟਿਆਲਾ ਵਲੋਂ ਬੀ.ਐੱਡ./ਐਮ.ਐੱਡ. ਕੋਰਸਾਂ ਵਿੱਚ ਸਮੈਸਟਰ ਪ੍ਰਣਾਲੀ ਲਾਗੂ ਹੈ। ਹਰ ਸਮੈਸਟਰ ਵਿਚੋਂ ਦੋ ਮਿਡ ਟਰਮ ਟੈਸਟ ਹੋ ਜਾਣਗੇ। ਪ੍ਰੀਖਿਆ ਦੀਆਂ ਮਿਤੀਆਂ ਬਾਰੇ ਅਗਾਊਂ ਸੂਚਨਾ ਨੋਟਿਸ ਬੋਰਡ ਤੇ ਉਚਿਤ ਸਮੇਂ ਤੇ ਲਗਾ ਦਿੱਤੀ ਜਾਵੇਗੀ। ਹਰੇਕ ਵਿਦਿਆਰਥੀ ਨੂੰ ਹਰੇਕ ਵਿਸ਼ੇ ਵਿਚੋਂ ਘੱਟ ਤੋਂ ਘੱਟ 20% ਨੰਬਰ ਲੈਣੇ ਜ਼ਰੂਰੀ ਹੋਣਗੇ। ਜੇਕਰ ਕੋਈ ਵਿਦਿਆਰਥੀ ਕਿਸੇ ਕਾਰਨ ਘਰੇਲੂ ਪ੍ਰੀਖਿਆ ਨਹੀਂ ਦਿੰਦਾ ਜਾਂ ਕਿਸੇ ਪੇਪਰ ਵਿਚੋਂ ਲੋੜੀਂਦੇ ਨਿਰਧਾਰਤ ਅੰਕ ਪ੍ਰਾਪਤ ਨਹੀਂ ਕਰਦਾ ਤਾਂ ਉਹ ਯੂਨੀਵਰਸਿਟੀ ਦੀ ਸਲਾਨਾ ਪ੍ਰੀਖਿਆ ਵਿਚ ਬੈਠਣ ਦੇ ਯੋਗ ਨਹੀਂ ਹੋਵੇਗਾ।

## ਕਾਲਜ ਪੁਸਤਕਾਲਾ

ਕਾਲਜ ਵਿੱਚ ਵਿਦਿਆਰਥੀਆਂ ਦੀ ਸਹੂਲਤ ਲਈ ਆਧੁਨਿਕ ਸਹੂਲਤਾਂ ਵਾਲੀ ਲਾਇਬ੍ਰੇਰੀ ਹੈ। ਲਾਇਬ੍ਰੇਰੀ ਸਬੰਧੀ ਨਿਯਮ ਇਸ ਪ੍ਰਕਾਰ ਹਨ:-

1. ਲਾਇਬ੍ਰੇਰੀ ਵਿੱਚ ਦਾਖਲ ਹੁੰਦਿਆਂ ਹੀ ਕਾਊਂਟਰ ਤੇ ਪਏ ਰਜਿਸਟਰ ਵਿੱਚ ਦਸਤਖ਼ਤ ਕਰਨੇ ਜ਼ਰੂਰੀ ਹਨ। ਵਿਦਿਆਰਥੀਆਂ ਨੂੰ ਆਪਣਾ ਲਾਇਬਰੇਰੀ ਕਾਰਡ ਬਣਾਉਣ ਲਈ ਦੋ ਫੋਟੋ ਪਾਸਪੋਰਟ ਸਾਈਜ਼ ਅਤੇ ਫ਼ੀਸ ਰਸੀਦ ਲਿਆਉਣ ਦੀ ਜ਼ਰੂਰਤ ਹੋਵੇਗੀ।
2. ਲਾਇਬ੍ਰੇਰੀ ਕਾਰਡ ਕਾਲਜ ਵਿੱਚ ਦਾਖਲਾ ਲੈਣ ਦੇ 15 ਦਿਨਾਂ ਦੇ ਵਿੱਚ ਵਿੱਚ ਬਣਾਉਣਾ ਹੁੰਦਾ ਹੈ।
3. ਲਾਇਬ੍ਰੇਰੀ ਵਿੱਚੋਂ ਸ਼ਨਾਖ਼ਤੀ - ਕਮ - ਲਾਇਬ੍ਰੇਰੀ ਕਾਰਡ ਇਕੋ ਹੀ ਇਸ਼ੂ ਕੀਤਾ ਜਾਂਦਾ ਹੈ।
4. ਲਾਇਬ੍ਰੇਰੀ ਵਿੱਚੋਂ 2 ਕਿਤਾਬਾਂ ਜਾਰੀ ਕੀਤੀਆਂ ਜਾਂਦੀਆਂ ਹਨ ਜੋ ਕਿ ਜ਼ਿਆਦਾ ਦਿਨ ਰੱਖੀ ਪੁਸਤਕ ਤੇ ਪ੍ਰਤੀ ਦਿਨ ਦੇ ਹਿਸਾਬ ਨਾਲ ਜੁਰਮਾਨਾ ਕੀਤਾ ਜਾਂਦਾ ਹੈ।
5. ਕਿਸੇ ਵਿਦਿਆਰਥੀ ਵੱਲੋਂ ਲਾਇਬ੍ਰੇਰੀ ਕਿਤਾਬ ਗੁੰਮ ਹੋ ਜਾਣ, ਫਟ ਜਾਣ ਜਾਂ ਖਰਾਬ ਹੋਜਾਣ ਦੀ ਸੂਰਤ ਵਿੱਚ ਵਿਦਿਆਰਥੀ ਨੂੰ ਕਿਤਾਬ ਦਾ ਵਰਤਮਾਨ ਮੁੱਲ ਭਰਨਾ ਪਵੇਗਾ।
6. ਕਿਤਾਬਾਂ ਜਾਰੀ ਕਰਨ ਦਾ ਸਮਾਂ ਸਵੇਰੇ 10 ਤੋਂ ਦੁਪਿਹਰ 1 ਵਜੇ ਦਾ ਹੁੰਦਾ ਹੈ ਅਤੇ ਦੁਪਿਹਰ2 ਤੋਂ 3 ਵਜੇ ਤੱਕ ਦਾ ਸਮਾਂ ਘੱਟ ਗਿਣਤੀ ਕਿਤਾਬਾਂ ਦੇ ਫ਼ੋਟੋ ਸਟੇਟ ਕਰਵਾਉਣ ਦਾ ਹੁੰਦਾ ਹੈ।
7. ਲਾਇਬ੍ਰੇਰੀ ਵਿੱਚ ਸਲਿਪ ਸਿਸਟਮ ਲਾਗੂ ਹੈ। ਕਿਤਾਬ ਲੈਣ ਤੋਂ ਇਕ ਦਿਨ ਪਹਿਲਾਂ ਸਲਿੱਪ ਪਾਉਣੀ ਹੋਵੇਗੀ।
8. ਕਾਲਜ ਲਾਇਬ੍ਰੇਰੀ ਵਿੱਚ ਰੈਫਰੈਂਸ ਪੁਸਤਕਾਂ ਤੇ ਇਨਸਾਈਕਲੋਪੀਡੀਆ ਨੂੰ ਸਿਰਫ ਲਾਇਬ੍ਰੇਰੀ ਵਿੱਚ ਬੈਠ ਕੇ ਪੜ੍ਹਣ ਲਈ ਹੀ ਦਿੱਤਾ ਜਾਂਦਾ ਹੈ ਅਤੇ ਉਨ੍ਹਾਂ ਨੂੰ ਵਰਤਣ ਦਾ ਤਰੀਕਾ ਵੀ ਦੱਸਿਆ ਜਾਂਦਾ ਹੈ।
9. ਵਿਦਿਆਰਥੀ ਨੂੰ ਕਈ ਪ੍ਰਕਾਰ ਦੇ ਅਖ਼ਬਾਰ ਅਤੇ ਹਰ ਭਾਸ਼ਾ ਵਿੱਚ ਪੜ੍ਹਣ ਲਈ ਕਾਫ਼ੀ ਗਿਣਤੀ ਵਿੱਚ ਮੈਗਜ਼ੀਨ ਵੀ ਮਿਲਦੇ ਹਨ ਜੋ ਕਿ ਲਾਇਬ੍ਰੇਰੀ ਵਿੱਚ ਬੈਠ ਕੇ ਹੀ ਪੜ੍ਹੇ ਜਾਣਗੇ ਕੋਈ ਵੀ ਮੈਗਜ਼ੀਨ ਘਰ ਲੈ ਕੇ ਜਾਣ ਵਾਸਤੇ ਜਾਰੀ ਨਹੀਂ ਕੀਤਾ ਜਾਂਦਾ।
10. ਲਾਇਬ੍ਰੇਰੀ ਵਿੱਚ ਚੁੱਪ ਦੀ ਮਰਿਯਾਦਾ ਕਾਇਮ ਰੱਖਣੀ ਅਤੀ ਜ਼ਰੂਰੀ ਹੈ। ਮਰਿਯਾਦਾ ਭੰਗ ਕਰਨ ਵਾਲੇ ਵਿਦਿਆਰਥੀ ਨੂੰ ਪ੍ਰਿੰਸੀਪਲ ਦੀ ਆਗਿਆ ਨਾਲ ਜੁਰਮਾਨਾ ਹੋ ਸਕਦਾ ਹੈ।
11. ਵਿਦਿਆਰਥੀ ਨੂੰ ਸੈਸ਼ਨ ਖਤਮ ਹੋਣ ਵੇਲੇ ਸਾਲਾਨਾ ਪੇਪਰ ਲਈ ਰੋਲ ਨੰਬਰ ਲੈਣ ਤੋਂ ਪਹਿਲਾਂ ਲਾਇਬ੍ਰੇਰੀ ਵਿੱਚੋਂ ਨੋਡਿਊਜ਼ ਲੈਣਾ ਜ਼ਰੂਰੀ ਹੈ ਅਤੇ ਲਾਇਬ੍ਰੇਰੀ ਦੀਆਂ ਪੁਸਤਕਾਂ ਵਾਪਸ ਕਰਨੀਆਂ ਵੀ ਜ਼ਰੂਰੀ ਹਨ।



Scanned with ACE Scanner